ਯੁਨਾਈਟੇਡ ਸਟੇਟਸ ਖੇਤੀਬਾੜੀ ਵਿਭਾਗ
(United States Department of Agriculture)

ਫਾਰਮ ਸਰਵਿਸ ਏਜੰਸੀ

# ਤਬਾਹੀ ਸਹਾਇਤਾ

## LFP – ਪਸ਼ੂ ਚਾਰਾ ਤਬਾਹੀ ਪ੍ਰੋਗਰਾਮ

### ਸੰਖੇਪ

ਪਸ਼ੂ ਚਾਰਾ ਤਬਾਹੀ ਪ੍ਰੋਗਰਾਮ (LFP) ਹੇਠ ਲਿਖਿਆਂ ਨੂੰ ਭੁਗਤਾਨ ਪ੍ਰਦਾਨ ਕਰਦਾ ਹੈ:

- ਪਸ਼ੂਆਂ ਦੇ ਯੋਗ ਮਾਲਕ ਅਤੇ ਕੰਟ੍ਰੈਕਟ ਉਤਪਾਦਕ ਜਿਨ੍ਹਾਂ ਨੇ ਪਸ਼ੂਧਨ ਨੂੰ ਕਵਰ ਕੀਤਾ ਹੈ ਅਤੇ
- ਜੋ ਚਾਰਾ ਚਰੇ ਜਾਣ ਵਾਲੀ ਫਸਲ ਦੇ ਰਕਬੇ ਦੇ ਉਤਪਾਦਕ ਵੀ ਹਨ (ਸਥਾਈ ਹਰਿਆਵਲ ਕਵਰ ਵਾਲੀ ਦੇਸੀ ਅਤੇ ਸੁਧਾਰੀ ਹੋਈ ਚਾਰਾਗਾਹ ਜਮੀਨ
- ਜਾਂ ਵਿਸ਼ੇਸ਼ ਤੌਰ ਤੇ ਚਰਾਈ ਲਈ ਲਗਾਈਆਂ ਗਈਆਂ ਕੁਝ ਫਸਲਾਂ) ਜਿਸ ਨੇ ਕਾਉਂਟੀ ਦੀ ਆਮ ਚਰਾਈ ਮਿਆਦ ਦੌਰਾਨ ਚਰੇ ਜਾਣ ਵਾਲੇ ਚਾਰੇ ਦਾ ਨੁਕਸਾਨ ਯੋਗ ਸੋਕੇ ਕਾਰਨ ਝੱਲਿਆ ਹੈ।

LFP ਹੇਠ ਲਿਖਿਆਂ ਨੂੰ ਵੀ ਭੁਗਤਾਨ ਪ੍ਰਦਾਨ ਕਰਦੀ ਹੈ:

- ਪਸ਼ੂਆਂ ਦੇ ਯੋਗ ਮਾਲਕ ਅਤੇ ਕੰਟ੍ਰੈਕਟ ਉਤਪਾਦਕ ਜਿਨ੍ਹਾਂ ਨੇ ਪਸ਼ੂਧਨ ਨੂੰ ਕਵਰ ਕੀਤਾ ਹੈ ਅਤੇ
- ਜੋ ਇੱਕ ਸੰਘੀ ਏਜੰਸੀ ਦੁਆਰਾ ਪ੍ਰਬੰਧਿਤ ਰੇਂਜਲੈਂਡ ਤੇ ਚਾਰਾ ਚਰੇ ਜਾਣ ਵਾਲੀ ਫਸਲ ਦੇ ਰਕਬੇ ਦੇ ਉਤਪਾਦਕ ਵੀ ਹਨ, ਜੇਕਰ ਯੋਗ ਪਸ਼ੂ ਉਤਪਾਦਕ ਨੂੰ ਯੋਗ ਅੱਗ ਲੱਗਣ ਕਾਰਨ ਪ੍ਰਬੰਧਿਤ ਰੇਂਜਲੈਂਡ ਤੇ ਆਮ ਇਜਾਜ਼ਤ ਪ੍ਰਾਪਤ ਪਸ਼ੂਧਨ ਨੂੰ ਚਰਾਉਣ ਤੋਂ ਪ੍ਰਤੀਬੰਧਿਤ ਕੀਤਾ ਗਿਆ ਹੈ।

ਯੋਗ ਸੋਕਾ ਅਤੇ ਚਰਾਉਣ ਦੇ ਯੋਗ ਨੁਕਸਾਨ ਅਤੇ/ਜਾਂ ਅੱਗ ਕਾਰਨ ਸੰਘੀ ਜ਼ਮੀਨ ਤੇ ਚਰਾਉਣ ਤੋਂ ਮਨਾਹੀ ਦੀ ਸੂਚਨਾ, ਲਾਜ਼ਮੀ ਤੌਰ ਤੇ ਚਰਾਈ ਦੀ ਮਿਆਦ ਅਤੇ ਫਸਲੀ ਸਾਲ ਵਿੱਚ ਹੋਣੀ ਚਾਹੀਦੀ ਹੈ।

U.S. ਖੇਤੀਬਾੜੀ ਵਿਭਾਗ (USDA) ਦੀ ਫ਼ਾਰਮ ਸਰਵਿਸ ਏਜੰਸੀ (FSA) ਵਲੋਂ LFP ਦਾ ਪ੍ਰਬੰਧ ਕੀਤਾ ਜਾਂਦਾ ਹੈ।

### ਸੋਕੇ ਲਈ ਯੋਗ ਕਾਉਂਟੀਆਂ

ਇੱਕ ਯੋਗ ਪਸ਼ੂਧਨ ਮਾਲਕ ਜਾਂ ਕੰਟ੍ਰੈਕਟ ਉਤਪਾਦਕ, ਜੋ ਚਰੇ ਜਾਣ ਵਾਲੇ ਚਾਰੇ ਦੀ ਫਸਲ ਦੇ ਉਤਪਾਦਕ ਦੇ ਰੂਪ ਵਿੱਚ, ਉਸ ਚਾਰਾਗਾਹ ਜ਼ਮੀਨ ਜਾਂ ਵੱਡੀ ਚਾਰਾਗਾਹ ਜਮੀਨ ਦਾ ਮਾਲਕ ਹੈ ਜਾਂ ਉਸ ਨੂੰ ਪੱਟੇ ਤੇ ਦਿੰਦਾ ਹੈ ਜੋ ਭੌਤਿਕ ਰੂਪ ਵਿੱਚ ਅਜਿਹੀ ਕਾਉਂਟੀ ਵਿੱਚ ਸਥਿਤ ਹੋਵੇ ਜਿਸ ਨੂੰ U.S. ਸੋਕਾ ਨਿਗਰਾਨੀ ਦੁਆਰਾ ਹੇਠ ਦਿੱਤੇ ਦੇ ਰੂਪ ਵਿੱਚ ਰੇਟ ਕੀਤਾ ਗਿਆ ਹੈ:

- ਆਮ ਚਰਾਈ ਦੀ ਮਿਆਦ ਦੌਰਾਨ ਕਾਉਂਟੀ ਦੇ ਕਿਸੇ ਵੀ ਖੇਤਰ ਵਿੱਚ ਘੱਟੋ-ਘੱਟ ਲਗਾਤਾਰ ਅੱਠ ਹਫ਼ਤੇ D2 (ਗੰਭੀਰ ਸੋਕਾ) ਤੀਬਰਤਾ ਇੱਕ ਮਹੀਨੇ ਦੇ ਭੁਗਤਾਨ ਦੇ ਬਰਾਬਰ ਦੀ ਰਕਮ ਬਰਾਬਰ ਦੀ ਸਹਾਇਤਾ ਪ੍ਰਾਪਤ ਕਰਨ ਯੋਗ ਹੈ;
- ਆਮ ਚਰਾਈ ਦੀ ਮਿਆਦ ਦੌਰਾਨ ਕਾਉਂਟੀ ਦੇ ਕਿਸੇ ਵੀ ਖੇਤਰ ਵਿੱਚ ਕਿਸੇ ਵੀ ਸਮੇਂ D3 (ਬਹੁਤ ਜ਼ਿਆਦਾ ਸੋਕਾ) ਗੰਭੀਰਤਾ ਤਿੰਨ ਮਹੀਨਾਵਾਰ ਭੁਗਤਾਨਾਂ ਦੇ ਬਰਾਬਰ ਦੀ ਰਕਮ ਦੇ ਬਰਾਬਰ ਸਹਾਇਤਾ ਪ੍ਰਾਪਤ ਕਰਨ ਲਈ ਯੋਗ ਹੈ;
- ਆਮ ਚਰਾਈ ਦੀ ਮਿਆਦ ਦੌਰਾਨ ਕਾਉਂਟੀ ਦੇ ਕਿਸੇ ਵੀ ਖੇਤਰ ਵਿੱਚ ਘੱਟੋ-ਘੱਟ ਚਾਰ ਹਫ਼ਤੇ ਲਈ D3 (ਬਹੁਤ ਜ਼ਿਆਦਾ ਸੋਕਾ) ਗੰਭੀਰਤਾ ਜਾਂ ਆਮ ਚਰਾਈ ਦੀ ਮਿਆਦ ਦੌਰਾਨ ਜਿਸ ਨੂੰ D4 (ਬਹੁਤ ਹੀ ਜ਼ਿਆਦਾ ਸੋਕਾ) ਚਾਰ ਮਹੀਨਾਵਾਰ ਭੁਗਤਾਨਾਂ ਦੇ ਬਰਾਬਰ ਦੀ ਰਕਮ ਦੇ ਬਰਾਬਰ ਸਹਾਇਤਾ ਪ੍ਰਾਪਤ ਕਰਨ ਲਈ ਯੋਗ ਹੈ; ਜਾਂ
- ਆਮ ਚਰਾਈ ਦੀ ਮਿਆਦ ਦੌਰਾਨ ਕਾਉਂਟੀ ਵਿੱਚ ਚਾਰ ਹਫ਼ਤਿਆਂ ਲਈ D4 (ਬਹੁਤ ਹੀ ਜ਼ਿਆਦਾ ਸੋਕਾ) (ਲਾਜ਼ਮੀ ਤੌਰ ਤੇ ਲਗਾਤਾਰ ਚਾਰ ਹਫ਼ਤਿਆਂ ਲਈ ਨਹੀਂ) ਪੰਜ ਮਹੀਨਾਵਾਰ ਭੁਗਤਾਨਾਂ ਦੀ ਰਕਮ ਦੇ ਬਰਾਬਰ ਸਹਾਇਤਾ ਪ੍ਰਾਪਤ ਕਰਨ ਲਈ ਯੋਗ ਹੈ।




LFP ਸੋਕੇ ਲਈ ਯੋਗ ਕਾਉਂਟੀਆਂ ਲਈ ਇੱਕ ਨਕਸ਼ਾ fsa.usda.gov/programs-and-services/disaster-assistance-program/livestock-forage/index ਤੇ ਪਾਇਆ ਜਾ ਸਕਦਾ ਹੈ।

### ਯੋਗ ਪਸ਼ੂਧਨ

ਯੋਗ ਪਸ਼ੂਧਨ ਚਾਰਾ ਚਰਣ ਵਾਲੇ ਉਹ ਪਸ਼ੂ ਹਨ ਜੋ ਪੌਸ਼ਟਿਕਤਾ ਦੀ ਜ਼ਿਆਦਾਤਰ ਸ਼ੁੱਧ ਊਰਜਾ ਜ਼ਰੂਰਤਾਂ ਨੂੰ ਚਾਰੇ ਵਾਲੇ ਘਾਹ ਜਾਂ ਫ਼ਲੀਆਂ ਨੂੰ ਚਰਣ ਦੁਆਰਾ ਪੂਰਾ ਕਰਦੇ ਹਨ ਅਤੇ ਇਸ ਵਿੱਚ ਅਲਪਾਕਸ, ਬੀਫ ਪਸ਼ੂ, ਮੱਝ/ਬਾਈਸਨ, ਬੀਫ਼ੈਲੋ, ਡੇਅਰੀ ਪਸ਼ੂ, ਹਿਰਨ, ਬਾਰਾਸਿੰਗਾ, ਈਮੂ, ਈਕੁਆਈਨ (ਘੋੜੇ ਵਰਗਾ ਜਾਨਵਰ) ਲਾਮਾ, ਰੇਨਡਿਅਰ ਜਾਂ ਭੇਡਾਂ ਸ਼ਾਮਲ ਹਨ।

ਇਨ੍ਹਾਂ ਪਸ਼ੂਆਂ ਦੀਆਂ ਪ੍ਰਜਾਤੀਆਂ ਦੇ ਵਿਚਕਾਰ ਜੋ ਯੋਗ ਹਨ ਉਨ੍ਹਾਂ ਵਿੱਚ ਉਹ ਸ਼ਾਮਲ ਹਨ ਜੋ ਯੋਗ ਚਾਰਾਗਾਹ ਜ਼ਮੀਨ ਜਾਂ ਵੱਡੀ ਚਾਰਾਗਾਹ ਜ਼ਮੀਨ ਤੇ ਹੇਠ ਦਿੱਤੇ ਦੌਰਾਨ ਚਾਰਾ ਚਰ ਰਹੇ ਹਨ ਜਾਂ ਚਰਣਗੇ:

- ਕਾਉਂਟੀ ਲਈ ਵਿਸ਼ੇਸ਼ ਕਿਸਮ ਦੀ ਚਾਰਾਗਾਹ ਜਮੀਨ ਜਾਂ ਵੱਡੀ ਚਾਰਾਗਾਹ ਜ਼ਮੀਨ ਲਈ ਆਮ ਚਰਾਈ ਦੀ ਮਿਆਦ ਦੌਰਾਨ; ਜਾਂ
- ਜਦੋਂ ਸੰਘੀ ਏਜੰਸੀ ਨੇ ਪਸ਼ੂਧਨ ਦੇ ਮਾਲਕ ਜਾਂ ਕੰਟ੍ਰੈਕਟ ਉਤਪਾਦਕ ਨੂੰ ਪ੍ਰਬੰਧਿਤ ਰੇਂਜਲੈਂਡ ਤੇ ਅੱਗ ਲੱਗਣ ਕਾਰਨ ਆਮ ਇਜਾਜ਼ਤ ਦਿੱਤੇ ਪਸ਼ੂਧਨ ਨੂੰ ਚਰਣ ਤੋਂ ਪ੍ਰਤੀਬੰਧਿਤ ਕੀਤਾ ਹੋਵੇ।

**ਯੋਗ ਪਸ਼ੂਧਨ ਨੂੰ ਲਾਜ਼ਮੀ ਤੌਰ ਤੇ ਹੇਠ ਲਿਖਿਆ ਹੋਣਾ ਚਾਹੀਦਾ ਹੈ:**

- ਯੋਗ ਸੋਕੇ ਜਾਂ ਅੱਗ ਲੱਗਣ ਦੇ ਹਾਲਾਤ ਦੀ ਸ਼ੁਰੂਆਤੀ ਤਾਰੀਖ ਤੋਂ 60 ਦਿਨ ਪਹਿਲਾਂ ਦੌਰਾਨ ਕਿਸੇ ਕੰਟ੍ਰੈਕਟ ਉਤਪਾਦਕ ਦੁਆਰਾ ਉਸ ਦੀ ਮਲਕੀਅਤ ਵਿੱਚ ਹੋਣ, ਪੱਟੇ ਤੇ ਲਏ ਹੋਣ, ਖਰੀਦੇ ਹੋਣ ਜਾਂ ਖਰੀਦਣ ਜਾਂ ਰੱਖਣ ਦੇ ਕੰਟ੍ਰੈਕਟ ਵਿੱਚ ਦਾਖਲ ਹੋਇਆ ਹੋਵੇ;
- ਮੌਜੂਦਾ ਉਤਪਾਦਨ ਸਾਲ ਜਾਂ ਮੌਜੂਦਾ ਉਤਪਾਦਨ ਸਾਲ ਤੋਂ ਤੁਰੰਤ ਪਹਿਲਾਂ ਦੇ ਇੱਕ ਜਾਂ ਦੋਵਾਂ ਸਾਲਾਂ ਦੌਰਾਨ ਯੋਗ ਸੋਕੇ ਦੇ ਹਾਲਾਤਾਂ ਕਾਰਨ ਵੇਚ ਦਿੱਤੇ ਹਨ ਜਾਂ ਉਵੇਂ ਨਿਪਟਾਰਾ ਕਰ ਦਿੱਤੇ ਗਏ ਹਨ;
- ਯੋਗ ਸੋਕੇ ਜਾਂ ਅੱਗ ਦੇ ਹਾਲਾਤ ਦੀ ਸ਼ੁਰੂਆਤੀ ਤਾਰੀਖ ਤੇ ਖੇਤੀਬਾੜੀ ਦੇ ਕੰਮਕਾਜ ਦੇ ਹਿੱਸੇ ਦੇ ਰੂਪ ਵਿੱਚ ਵਪਾਰਕ ਵਰਤੋਂ ਲਈ ਰੱਖ-ਰਖਾਓ ਕੀਤਾ ਹੋਵੇ;
- ਖੇਤੀਬਾੜੀ ਦੇ ਕੰਮ-ਕਾਜ ਦੇ ਹਿੱਸੇ ਦੇ ਰੂਪ ਵਿੱਚ ਵਪਾਰਕ ਵਰਤੋਂ ਤੋਂ ਇਲਾਵਾ ਕਿਸੇ ਹੋਰ ਕਾਰਨਾਂ ਕਾਰਨ ਉਤਪਾਦਨ ਜਾਂ ਰੱਖ-ਰਖਾਓ ਨਹੀਂ ਕੀਤਾ ਗਿਆ ਹੈ (ਅਜਿਹੀਆਂ ਛੱਡੀਆਂ ਗਈਆਂ ਵਰਤੋਂ ਵਿੱਚ ਜੰਗਲ ਵਿੱਚ ਖੁਲ੍ਹੇ ਘੁੰਮਣ ਵਾਲੇ ਪਸ਼ੂ ਜਾਂ ਮਨੋਰੰਜਨ ਦੇ ਉਦੇਸ਼ ਲਈ ਵਰਤੇ ਗਏ ਪਸ਼ੂ ਜਿਵੇਂ ਕਿ ਅਨੰਦ, ਸ਼ਿਕਾਰ, ਪਾਲਤੂ, ਰੱਸੀ ਨਾਲ ਬੰਨਣ ਲਈ ਜਾਂ ਪ੍ਰਦਰਸ਼ਨ ਲਈ ਸ਼ਾਮਲ ਹਨ, ਪਰ ਇਨ੍ਹਾਂ ਤੱਕ ਹੀ ਸੀਮਿਤ ਨਹੀਂ ਹਨ); ਅਤੇ
- ਉਹ ਪਸ਼ੂਧਨ ਨਹੀਂ ਹੈ ਜੋ ਪਸ਼ੂਧਨ ਦੇ ਮਾਲਕ ਜਾਂ ਕੰਟ੍ਰੈਕਟ ਉਤਪਾਦਕ ਦੇ ਆਮ ਵਪਾਰਕ ਕੰਮ-ਕਾਜ ਦੇ ਹਿੱਸੇ ਦੇ ਰੂਪ ਵਿੱਚ ਯੋਗ ਸੋਕੇ ਜਾਂ ਅੱਗ ਲੱਗਣ ਦੀ ਸ਼ੁਰੂਆਤੀ ਤਾਰੀਖ ਤੇ ਚਾਰੇ ਦੀ ਖੁਰਲੀ ਤੋਂ ਚਰ ਨਹੀਂ ਰਹੇ ਸਨ ਜਾਂ ਚਰਣਗੇ।

## ਯੋਗ ਉਤਪਾਦਕ

LFP ਲਈ ਯੋਗ ਹੋਣ ਲਈ, ਵਿਅਕਤੀ ਜਾਂ ਕਾਨੂੰਨੀ ਸੰਸਥਾਵਾਂ ਨੂੰ ਲਾਜ਼ਮੀ ਤੌਰ ਤੇ U.S. ਦਾ ਨਾਗਰਿਕ, ਰੈਜੀਡੇਂਟ ਐਲੀਅਨ, U.S. ਦੇ ਨਾਗਰਿਕਾਂ ਦਾ ਭਾਈਵਾਲ, ਰਾਜ ਦੇ ਕਾਨੂੰਨ ਦੇ ਅਧੀਨ ਸੰਚਾਲਿਤ ਇੱਕ ਕਾਨੂੰਨੀ ਸੰਸਥਾ ਜਾਂ ਭਾਰਤੀ ਸਵੈ-ਨਿਰਧਾਰਨ ਅਤੇ ਸਿੱਖਿਆ ਸਹਾਇਤਾ ਐਕਟ ਵਿੱਚ ਪਰਿਭਾਸ਼ਿਤ ਇੱਕ ਭਾਰਤੀ ਕਬੀਲਾ ਜਾਂ ਕਬਾਇਲੀ ਸੰਗਠਨ ਹੋਣਾ ਚਾਹੀਦਾ ਹੈ ਜੋ:

- ਯੋਗ ਸੋਕੇ ਜਾਂ ਅੱਗ ਦੇ ਹਾਲਾਤ ਦੀ ਸ਼ੁਰੂਆਤੀ ਤਾਰੀਖ ਤੋਂ ਪਹਿਲਾਂ 60 ਕੈਲੰਡਰ ਦਿਨਾਂ ਦੌਰਾਨ ਕਵਰ ਕੀਤੇ ਪਸ਼ੂਧਨ ਦਾ ਮਾਲਕ, ਨਕਦ ਜਾਂ ਹਿੱਸੇ ਵਿੱਚ ਪੱਟਾ ਹੋਵੇ ਜਾਂ ਕੰਟ੍ਰੈਕਟ ਉਤਪਾਦਕ ਹੋਵੇ;
- ਯੋਗ ਸੋਕੇ ਜਾਂ ਅੱਗ ਦੇ ਹਾਲਾਤ ਦੀ ਤਾਰੀਖ ਤੋਂ ਨਕਦ ਤੇ ਕਿਰਾਏ ਤੇ ਦਿੱਤੀ ਵੱਡੀ ਚਾਰਾਗਾਹ ਜ਼ਮੀਨ ਜਾਂ ਚਾਰਾਗਾਹ ਜਮੀਨ ਸਮੇਤ, ਕਵਰ ਕੀਤੇ ਪਸ਼ੂਧਨ ਲਈ ਵੱਡੀ ਚਾਰਾਗਾਹ ਜਮੀਨ ਜਾਂ ਚਾਰਾਗਾਹ ਜ਼ਮੀਨ ਪ੍ਰਦਾਨ ਕਰਦਾ ਹੋਵੇ, ਜੋ ਜਾਂ ਤਾਂ:
  - ਜੋ ਭੌਤਿਕ ਰੂਪ ਵਿੱਚ ਅਜਿਹੀ ਕਾਉਂਟੀ ਵਿੱਚ ਸਥਿਤ ਹੋਵੇ ਜੋ ਕਾਉਂਟੀ ਲਈ ਆਮ ਚਰਾਈ ਦੀ ਮਿਆਦ ਦੌਰਾਨ ਯੋਗ ਸੋਕੇ ਦੁਆਰਾ ਪ੍ਰਭਾਵਿਤ ਹੈ; ਜਾਂ
  - ਕਿਸੇ ਸੰਘੀ ਏਜੰਸੀ ਦੁਆਰਾ ਪ੍ਰਬੰਧਿਤ ਰੇਂਜਲੈਂਡ ਜਿਸ ਲਈ ਸੰਘੀ ਏਜੰਸੀ ਦੁਆਰਾ ਉਵੇਂ ਯੋਗ ਪਸ਼ੂਧਨ ਉਤਪਾਦਕ ਨੂੰ ਯੋਗ ਅੱਗ ਕਾਰਨ ਆਮ ਇਜਾਜ਼ਤ ਦਿੱਤੇ ਪਸ਼ੂਧਨ ਨੂੰ ਚਰਣ ਤੋਂ ਪ੍ਰਤੀਬੰਧਿਤ ਕੀਤਾ ਗਿਆ ਹੈ।
- ਤਸਦੀਕ ਕਰਨ ਕਿ ਉਨ੍ਹਾਂ ਨੇ ਯੋਗ ਸੋਕੇ ਜਾਂ ਅੱਗ ਕਾਰਨ ਚਰਾਈ ਦਾ ਨੁਕਸਾਨ ਝੱਲਿਆ ਹੈ; ਅਤੇ
- ਉਸ ਸਾਰੀ ਚਾਰਾਗਾਹ ਜਮੀਨ ਦੇ ਰਕਬੇ ਦੀ ਰਿਪੋਰਟ ਸਮੇਂ ਸਿਰ ਫਾਈਲ ਕਰਨ ਜਿਸ ਲਈ ਚਾਰੇ ਦੇ ਨੁਕਸਾਨ ਦਾ ਦਾਅਵਾ ਕੀਤਾ ਜਾ ਰਿਹਾ ਹੈ।



## ਭੁਗਤਾਨ

FSA ਯੋਗ ਸੋਕੇ ਦੇ ਕਾਰਨ ਚਰਾਈ ਦੇ ਨੁਕਸਾਨ ਲਈ ਇੱਕ ਯੋਗ ਪਸ਼ੂਧਨ ਉਤਪਾਦਕ ਲਈ LFP ਮਹੀਨਾਵਾਰ ਭੁਗਤਾਨ ਦਰ ਦੇ ਇੱਕ, ਤਿੰਨ, ਚਾਰ ਜਾਂ ਪੰਜ ਗੁਣਾ ਭੁਗਤਾਨ ਕਾਰਕਾਂ ਦੇ ਬਰਾਬਰ LFP ਭੁਗਤਾਨਾਂ ਦੀ ਗਣਨਾ ਕਰੇਗੀ। ਸੋਕੇ ਲਈ LFP ਦੀ ਮਹੀਨਾਵਾਰ ਭੁਗਤਾਨ ਦਰ ਹੇਠ ਦਿੱਤੇ ਕਿਸੇ ਦੇ ਵੀ ਮਹੀਨਾਵਾਰ ਫੀਡ ਦੇ ਖਰਚੇ ਵਿੱਚੋਂ ਘੱਟ ਵਾਲੇ ਦੇ 60 ਪ੍ਰਤੀਸ਼ਤ ਦੇ ਬਰਾਬਰ ਹੈ:

- ਸਾਰੇ ਕਵਰ ਕੀਤੇ ਪਸ਼ੂਧਨ ਲਈ ਜੋ ਯੋਗ ਪਸ਼ੂਧਨ ਉਤਪਾਦਕ ਦੀ ਮਲਕੀਅਤੀ ਵਿੱਚ ਹਨ ਜਾਂ ਪੱਟੇ ਤੇ ਹਨ; ਜਾਂ
- ਯੋਗ ਪਸ਼ੂਧਨ ਉਤਪਾਦਕ ਦੀ ਯੋਗ ਚਾਰਾਗਾਹ ਜ਼ਮੀਨ ਦੀ ਆਮ ਸਹਿਣ ਸਮਰੱਥਾ ਦੀ ਵਰਤੋਂ ਕਰਕੇ ਗਣਨਾ ਕੀਤੀ ਗਈ।

ਚਰਾਈ ਦੇ ਨੁਕਸਾਨ ਲਈ ਇੱਕ ਕੈਲੰਡਰ ਸਾਲ ਦੇ ਅੰਦਰ ਯੋਗ ਪਸ਼ੂਧਨ ਮਾਲਕ ਜਾਂ ਕੰਟ੍ਰੈਕਟ ਉਤਪਾਦਕ ਨੂੰ ਕੁੱਲ LFP ਭੁਗਤਾਨ ਪਸ਼ੂਧਨ ਦੀ ਸਮਾਨ ਨਸਲ, ਕਿਸਮ ਅਤੇ ਭਾਰ ਦੀ ਰੇਂਜ ਲਈ ਪੰਜ ਮਹੀਨਾਵਾਰ ਭੁਗਤਾਨਾਂ ਤੋਂ ਵੱਧ ਨਹੀਂ ਹੋਵੇਗੀ।

ਯੋਗ ਪਸ਼ੂਧਨ ਮਾਲਕ ਜਾਂ ਕੰਟ੍ਰੈਕਟ ਉਤਪਾਦਕ ਦੇ ਮਾਮਲੇ ਵਿੱਚ ਜਿਸਨੇ ਮੌਜੂਦਾ ਉਤਪਾਦਨ ਸਾਲ ਤੋਂ ਤੁਰੰਤ ਪਹਿਲਾਂ ਇੱਕ ਜਾਂ ਦੋ ਦੋਵੇਂ ਸਾਲਾਂ ਵਿੱਚ ਸੋਕੇ ਦੇ ਹਾਲਾਤਾਂ ਕਾਰਨ ਪਸ਼ੂਧਨ ਨੂੰ ਵੇਚ ਦਿੱਤਾ ਜਾਂ ਉਸ ਦਾ ਉਵੇਂ ਨਿਪਟਾਰਾ ਕਰ ਦਿੱਤਾ, ਭੁਗਤਾਨ ਦੀ ਦਰ ਮਹੀਨਾਵਾਰ ਭੁਗਤਾਨ ਦਰ ਦੇ 80 ਪ੍ਰਤੀਸ਼ਤ ਦੇ ਬਰਾਬਰ ਹੋਵੇਗਾ।

ਸੰਘ ਦੁਆਰਾ ਪ੍ਰਬੰਧਿਤ ਰੇਂਜਲੈਂਡ ਵਿੱਚ ਯੋਗ ਅੱਗ ਲੱਗਣ ਕਾਰਨ ਜਿਸ ਲਈ ਉਤਪਾਦਕ ਨੂੰ ਆਮ ਇਜਾਜ਼ਤ ਦਿੱਤੇ ਪਸ਼ੂਧਨ ਨੂੰ ਚਰਾਉਣ ਤੋਂ ਪ੍ਰਤੀਬੰਧਿਤ ਕੀਤਾ ਗਿਆ ਸੀ, ਕਾਰਨ ਝੱਲੇ ਨੁਕਸਾਨ ਕਾਰਨ FSA ਯੋਗ ਪਸ਼ੂਧਨ ਮਾਲਕਾਂ ਜਾਂ ਕੰਟ੍ਰੈਕਟ ਉਤਪਾਦਕਾਂ ਲਈ LFP ਭੁਗਤਾਨਾਂ ਦੀ ਗਣਨਾ ਕਰੇਗੀ। ਭੁਗਤਾਨ ਉਸ ਪਹਿਲੇ ਦਿਨ ਤੋਂ ਹੀ ਸ਼ੁਰੂ ਹੋ ਜਾਂਦਾ ਹੈ ਜਦੋਂ ਤੋਂ ਇਜਾਜ਼ਤ ਦਿੱਤੇ ਪਸ਼ੂਧਨ ਨੂੰ ਯੋਗ ਰੇਂਜਲੈਂਡ ਤੇ ਚਰਣ ਤੋਂ ਪ੍ਰਤੀਬੰਧਿਤ ਕੀਤਾ ਜਾਂਦਾ ਹੈ ਅਤੇ ਯੋਗ ਪਸ਼ੂਧਨ ਉਤਪਾਦਕ ਦੇ ਸੰਘੀ ਪੱਟੇ ਦੇ ਆਖਰੀ ਦਿਨ ਜਾਂ ਉਸ ਦਿਨ ਜੋ 180 ਕੈਲੰਡਰ ਦਿਨ ਦੀ ਮਿਆਦ ਦੇ ਖਾਤਮੇ ਦਾ ਦਿਨ, ਜੋ ਵੀ ਪਹਿਲਾਂ ਹੋਵੇ, ਤੇ ਖਤਮ ਹੋ ਜਾਂਦਾ ਹੈ। ਯੋਗ ਅੱਗ ਲੱਗਣ ਕਾਰਨ ਮਾਲਕ ਜਾਂ ਕੰਟ੍ਰੈਕਟ ਉਤਪਾਦਕ ਨੂੰ ਜਿਨ੍ਹੇ ਦਿਨਾਂ ਲਈ ਪ੍ਰਬੰਧਿਤ ਰੇਂਜਲੈਂਡ ਵਿੱਚ ਪਸ਼ੂਧਨ ਨੂੰ ਚਰਣ ਤੋਂ ਪ੍ਰਤੀਬੰਧਿਤ ਕੀਤਾ ਜਾਂਦਾ ਹੈ, ਉਨ੍ਹੇ ਦਿਨਾਂ ਲਈ ਭੁਗਤਾਨ ਦਰ ਮਹੀਨਾਵਾਰ ਫੀਡ ਲਾਗਤ ਦੀ 50 ਪ੍ਰਤੀਸ਼ਤ ਹੋਵੇਗੀ, ਪਰ ਇਹ 180 ਕੈਲੰਡਰ ਦਿਨਾਂ ਤੋਂ ਵੱਧ ਨਹੀਂ ਹੋਣੀ ਚਾਹੀਦੀ।



## ਭੁਗਤਾਨ ਸੀਮਾਵਾਂ

ਖੇਤੀਬਾੜੀ ਸੁਧਾਰ ਐਕਟ (2018 ਦਾ ਫਾਰਮ ਬਿਲ) ਨੇ LFP ਲਈ $125,000 ਤੋਂ ਵੱਧ ਤੋਂ ਵੱਧ ਸਾਲਾਨਾ ਪ੍ਰਤੀ ਵਿਅਕਤੀ ਅਤੇ ਕਾਨੂੰਨੀ ਸੰਸਥਾ ਦੀ ਸੀਮਾ ਸਥਾਪਤ ਕੀਤੀ ਹੈ (ਕਿਸੇ ਹੋਰ ਪ੍ਰੋਗਰਾਮ ਦੀ ਪਰਵਾਹ ਕੀਤੇ ਬਿਨਾਂ)।

ਇਸ ਲਈ, 2019 ਅਤੇ ਇਸ ਤੋਂ ਬਾਅਦ ਦੇ ਪ੍ਰੋਗਰਾਮਾਂ ਦੇ ਸਾਲਾਂ ਲਈ, ਕੋਈ ਵੀ ਵਿਅਕਤੀ ਜਾਂ ਕਾਨੂੰਨੀ ਸੰਸਥਾ, ਸੰਯੁਕਤ ਉੱਦਮ ਜਾਂ ਆਮ ਸਾਂਝੇਦਾਰੀ ਨੂੰ ਛੱਡ ਕੇ, ਸਿੱਧੇ ਜਾਂ ਅਸਿੱਧੇ ਤੌਰ 'ਤੇ, LFP ਦੇ ਅਧੀਨ ਭੁਗਤਾਨਾਂ ਵਿੱਚ ਕੁੱਲ $125,000 ਤੋਂ ਵੱਧ ਪ੍ਰਾਪਤ ਨਹੀਂ ਕਰ ਸਕਦੀ। AGI ਦੇ ਕੁਝ ਪੱਧਰਾਂ ਦੇ ਨਾਲ ਸੰਯੁਕਤ ਉੱਦਮ ਅਤੇ ਆਮ ਭਾਗੀਦਾਰੀ ਨੂੰ ਛੱਡ ਕੇ, ਵਿਅਕਤੀਆਂ ਜਾਂ ਕਾਨੂੰਨੀ ਸੰਸਥਾਵਾਂ ਲਈ ਭੁਗਤਾਨਾਂ ਦੀ ਸੀਮਾ ਨਾਲ ਸਬੰਧਤ ਔਸਤ ਸਮਾਯੋਜਿਤ ਕੁੱਲ ਆਮਦਨੀ (AGI) ਲਾਗੂ ਹੋਵੇਗੀ। ਵਿਸ਼ੇਸ਼ ਤੌਰ ਤੇ, AGI ਵਾਲਾ ਕੋਈ ਵਿਅਕਤੀ ਜਾਂ ਕਨੂੰਨੀ ਸੰਸਥਾ (ਜਿਵੇਂ ਕਿ 7 CFR ਭਾਗ 1400 ਵਿੱਚ ਪ੍ਰਭਾਸ਼ਿਤ ਹੈ) ਜੋ $900,000 ਤੋਂ ਵੱਧ ਹੁੰਦੀ ਹੈ, ਉਹ LFP ਭੁਗਤਾਨ ਪ੍ਰਾਪਤ ਕਰਨ ਦੇ ਯੋਗ ਨਹੀਂ ਹੋਣਗੇ।

LFP ਤੇ ਸਿੱਧੀ ਵੰਡ ਦੇ ਪ੍ਰਬੰਧ ਵੀ ਲਾਗੂ ਹੁੰਦੇ ਹਨ। ਸਿੱਧੀ ਵੰਡ ਹੇਠ, ਕਿਸੇ ਕਾਨੂੰਨੀ ਸੰਸਥਾ ਨੂੰ ਕੀਤੇ ਕਿਸੇ ਵੀ ਭੁਗਤਾਨ ਨੂੰ ਭੁਗਤਾਨ ਸੀਮਾਵਾਂ ਦੇ ਉਦੇਸ਼ਾਂ ਲਈ ਕਾਨੂੰਨੀ ਸੰਸਥਾ ਜਾਂ ਉਪ-ਸੰਸਥਾ ਵਿੱਚ ਦਿਲਚਸਪੀ ਰੱਖਣ ਵਾਲੇ ਵਿਅਕਤੀਆਂ ਜਾਂ ਕਾਨੂੰਨੀ ਸੰਸਥਾਵਾਂ ਨੂੰ ਭੁਗਤਾਨ ਮੰਨਿਆ ਜਾਵੇਗਾ। ਵਾਧੂ ਜਾਣਨ ਲਈ, **fsa.usda.gov/payment-limitations** ਤੇ ਭੁਗਤਾਨ ਯੋਗਤਾ ਅਤੇ ਭੁਗਤਾਨ ਸੀਮਾਵਾਂ ਤੱਥ ਪੱਤਰ ਨੂੰ ਦੇਖੋ।

## ਨਾਮਾਂਕਣ

ਯੋਗ ਪਸ਼ੂਧਨ ਉਤਪਾਦਕ ਜੋ ਚਰੇ ਜਾਣ ਵਾਲੇ ਚਾਰੇ ਦੀ ਫਸਲ ਦੇ ਰਕਬੇ ਦੇ ਵੀ ਉਤਪਾਦਕ ਹਨ, ਉਨ੍ਹਾਂ ਨੂੰ ਭੁਗਤਾਨ ਲਈ ਪੂਰੀ ਕੀਤੀ ਐਪਲੀਕੇਸ਼ਨ ਅਤੇ ਨਾਲ ਸਹਾਇਕ ਦਸਤਾਵੇਜ਼ ਆਪਣੇ FSA ਦਫ਼ਤਰ ਨੂੰ ਕੈਲੰਡਰ ਸਾਲ ਖਤਮ ਹੋਣ ਤੋਂ ਬਾਅਦ 30 ਕੈਲੰਡਰ ਦਿਨਾਂ ਦੇ ਅੰਦਰ, ਜਿਸ ਵਿੱਚ ਚਰਾਉਣ ਦਾ ਨੁਕਸਾਨ ਹੋਇਆ ਹੈ, ਜ਼ਰੂਰ ਪ੍ਰਦਾਨ ਕਰਨੇ ਚਾਹੀਦੇ ਹਨ।

ਕੰਟ੍ਰੈਕਟ ਉਤਪਾਦਕਾਂ ਨੂੰ ਕੰਟ੍ਰੈਕਟ ਉਤਪਾਦਕ ਦੀ ਯੋਗਤਾ ਦਾ ਨਿਰਧਾਰਨ ਕਰਨ ਲਈ ਉਤਪਾਦਕ ਕੰਟ੍ਰੈਕਟ ਦੀ ਕਾਪੀ ਅਤੇ ਕੋਈ ਵੀ ਹੋਰ ਸਹਾਇਕ ਦਸਤਾਵੇਜ ਜਰੂਰ ਸ਼ਾਮਲ ਕਰਨੇ ਚਾਹੀਦੇ ਹਨ।

ਸਹਾਇਕ ਦਸਤਾਵੇਜ਼ਾਂ ਨੂੰ ਨੁਕਸਾਨ ਦਾ ਸਬੂਤ ਅਤੇ ਇਹ ਕਿ ਵੱਡੀ ਚਾਰਾਗਾਹ ਜ਼ਮੀਨ ਜਾਂ ਚਾਰਾਗਾਹ ਜਮੀਨ ਦੇ ਉਹ ਮਾਲਕ ਹਨ ਜਾਂ ਪੱਟੇ ਤੇ ਲਈ ਹੈ, ਜ਼ਰੂਰ ਦਰਸਾਉਣਾ ਚਾਹੀਦਾ ਹੈ। ਜੇ ਚਰਾਉਣ ਦਾ ਨੁਕਸਾਨ ਅੱਗ ਕਾਰਨ ਹੈ ਕਿ ਯੋਗ ਪਸ਼ੂਧਨ ਉਤਪਾਦਕ ਨੂੰ ਪ੍ਰਬੰਧਿਤ ਰੇਂਜਲੈਂਡ ਤੇ ਅੱਗ ਕਾਰਨ ਸੰਘੀ ਏਜੰਸੀ ਦੁਆਰਾ ਆਮ ਇਜਾਜ਼ਤ ਦਿੱਤੇ ਪਸ਼ੂਧਨ ਨੂੰ ਚਰਾਉਣ ਤੋਂ ਪ੍ਰਤੀਬੰਧਿਤ ਕੀਤਾ ਗਿਆ ਸੀ।

FSA ਪ੍ਰੋਗਰਾਮ ਦੇ ਲਾਭਾਂ ਦੀ ਯੋਗਤਾ ਨਿਰਧਾਰਿਤ ਕਰਨ ਲਈ ਬਿਨੈਕਾਰ ਦੁਆਰਾ ਪ੍ਰਦਾਨ ਕੀਤੇ ਡੇਟਾ ਦੀ ਵਰਤੋਂ ਕਰੇਗੀ। ਡੇਟਾ ਪ੍ਰਦਾਨ ਕਰਨਾ ਸਵੈ-ਇੱਛਕ ਹੈ; ਹਾਲਾਂਕਿ, ਸਾਰੇ ਲੋੜੀਂਦੇ ਡੇਟਾ ਤੋਂ ਬਿਨਾਂ, ਪ੍ਰੋਗਰਾਮ ਦੇ ਲਾਭ ਮਨਜ਼ੂਰ ਜਾਂ ਪ੍ਰਦਾਨ ਨਹੀਂ ਕੀਤੇ ਜਾਣਗੇ।

## ਹੋਰ ਜਾਣਕਾਰੀ ਲਈ

ਇਹ ਤੱਥ ਪੱਤਰ ਸਿਰਫ਼ ਜਾਣਕਾਰੀ ਦੇ ਉਦੇਸ਼ਾਂ ਲਈ ਹੈ; ਹੋਰ ਯੋਗਤਾ ਸ਼ਰਤਾਂ ਜਾਂ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ। FSA ਤਬਾਹੀ ਸਹਾਇਤਾ ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਲਈ **farmers.gov** ਤੇ ਜਾਓ ਜਾਂ ਆਪਣੇ ਸਥਾਨਕ FSA ਦਫਤਰ ਨਾਲ ਸੰਪਰਕ ਕਰੋ। ਆਪਣੇ ਸਥਾਨਕ FSA ਦਫਤਰ ਦਾ ਪਤਾ ਲਗਾਉਣ ਲਈ, **farmers.gov/service-center-locator** ਤੇ ਜਾਓ।

## ਪਸ਼ੂਧਨ ਭੁਗਤਾਨ ਦੀਆਂ ਦਰਾਂ

| | | | ਪ੍ਰਤੀ ਪਸ਼ੂ ਭੁਗਤਾਨ ਦਰ | | | |
|---|---|---|---|---|---|---|
| **ਨਸਲ** | **ਕਿਸਮ** | **ਵਜ਼ਨ ਦੀ ਸ਼੍ਰੇਣੀ** | 2018 | 2019 | 2020 | 2021 |
| **ਬੀਫ਼** | ਬਾਲਗ਼ | ਬੈਲ, ਗਾਂ | $28.07 | $29.34 | $31.89 | $31.18 |
| | ਨਾਬਾਲਗ਼ | 500 ਪਾਉਂਡ ਜਾਂ ਵੱਧ | $21.05 | $22.01 | $23.92 | $23.38 |
| | | 500 ਪਾਉਂਡ ਤੋਂ ਘੱਟ | | $14.67 | $15.94 | $15.59 |
| **ਡੇਅਰੀ** | ਬਾਲਗ਼ | ਬੈਲ, ਗਾਂ | $72.98 | $76.29 | $82.91 | $81.07 |
| | ਨਾਬਾਲਗ਼ | 500 ਪਾਉਂਡ ਜਾਂ ਵੱਧ | $21.05 | $22.01 | $23.92 | $23.38 |
| | | 500 ਪਾਉਂਡ ਤੋਂ ਘੱਟ | | $14.67 | $15.94 | $15.59 |
| **ਬੀਫ਼ੈਲੋ** | ਬਾਲਗ਼ | ਬੈਲ, ਗਾਂ | $28.07 | $29.34 | $31.89 | $31.18 |
| | ਨਾਬਾਲਗ਼ | 500 ਪਾਉਂਡ ਜਾਂ ਵੱਧ | $21.05 | $22.01 | $23.92 | $23.38 |
| | | 500 ਪਾਉਂਡ ਤੋਂ ਘੱਟ | | $14.67 | $15.94 | $15.59 |
| **ਮੱਝ/ਜੰਗਲੀ ਸਾਨ੍ਹ** | ਬਾਲਗ਼ | ਬੈਲ, ਗਾਂ | $28.07 | $29.34 | $31.89 | $31.18 |
| | ਨਾਬਾਲਗ਼ | 500 ਪਾਉਂਡ ਜਾਂ ਵੱਧ | $21.05 | $22.01 | $23.92 | $23.38 |
| | | 500 ਪਾਉਂਡ ਤੋਂ ਘੱਟ | | $14.67 | $15.94 | $15.59 |
| **ਭੇਡ** | ਸਾਰੇ | | $7.02 | $7.34 | $7.97 | $7.79 |
| **ਬਕਰੀਆਂ** | ਸਾਰੇ | | $7.02 | $7.34 | $7.97 | $7.79 |
| **ਹਿਰਨ** | ਸਾਰੇ | | $7.02 | $7.34 | $7.97 | $7.79 |
| **ਈਕੁਆਈਨ (ਘੋੜੇ ਵਰਗਾ ਜਾਨਵਰ)** | ਸਾਰੇ | | $20.77 | $21.71 | $23.60 | $23.07 |
| **ਬਾਰਾਸਿੰਗਾ** | ਸਾਰੇ | | | $15.85 | $17.22 | $16.84 |
| | | 400 ਪਾਉਂਡ ਤੋਂ ਘੱਟ | $6.18 | | | |
| | | 400 ਤੋਂ 799 ਪੌਂਡ | $11.51 | | | |
| | | 800 ਪਾਉਂਡ ਜਾਂ ਵੱਧ | $15.16 | | | |
| **ਰੇਂਡੀਅਰ** | ਸਾਰੇ | | $6.18 | $6.46 | $7.02 | $6.87 |
| **ਅਲਪਾਕਾ** | ਸਾਰੇ | | $23.12 | $24.17 | $26.27 | $25.68 |
| **ਈਮੂ** | ਸਾਰੇ | | $14.37 | $15.02 | $16.32 | $15.96 |
| **ਲਾਮਾ** | ਸਾਰੇ | | $10.25 | $10.71 | $11.64 | $11.38 |

*ਨੋਟ: ਇੱਕ ਚਰਾਉਣ ਵਾਲੇ ਪਸ਼ੂ ਨੂੰ ਪਸ਼ੂਧਨ ਦੀਆਂ ਉਨ੍ਹਾਂ ਕਿਸਮਾਂ ਵਜੋਂ ਪਰਿਭਾਸ਼ਿਤ ਕੀਤਾ ਜਾਂਦਾ ਹੈ ਜੋ ਪੌਸ਼ਟਿਕ ਅਤੇ ਸਰੀਰਕ ਨਜ਼ਰੀਏ ਤੋਂ, ਵੱਧ ਰਹੀ ਚਾਰੇ ਵਾਲੀ ਘਾਹ ਅਤੇ ਫ਼ਲੀਆਂ ਦੀ ਖਪਤ ਦੁਆਰਾ ਉਨ੍ਹਾਂ ਦੀ ਸ਼ੁੱਧ ਊਰਜਾ ਜ਼ਰੂਰਤ ਦੇ 50 ਪ੍ਰਤੀਸ਼ਤ ਤੋਂ ਵੱਧ ਨੂੰ ਪੂਰਾ ਕਰਦੇ ਹਨ, ਭਾਵੇਂ ਉਹ ਚਾਰਾਗਾਹ ਜਮੀਨ ਜਾਂ ਵੱਡੀ ਚਾਰਾਗਾਹ ਜਮੀਨ ਤੇ ਚਰ ਰਹੇ ਹਨ ਜਾ ਨਹੀਂ ਜਾਂ ਉਸ ਤੇ ਮੌਜੂਦ ਹਨ ਜਾਂ ਨਹੀਂ। ਮਾਂ ਦੇ ਦੁੱਧ ਤੇ ਪੱਲ ਰਹੇ ਪਸ਼ੂਧਨ ਦੇ ਬੱਚਿਆਂ ਨੂੰ ਚਰਣ ਵਾਲੇ ਪਸ਼ੂਆਂ ਦੇ ਰੂਪ ਵਿੱਚ ਨਹੀਂ ਗਿਣਿਆ ਜਾਂਦਾ ਅਤੇ ਉਹ LFP ਲਈ ਯੋਗ ਨਹੀਂ ਹਨ।*

*ਯੋਗ ਸੋਕੇ ਕਾਰਨ ਹੋਣ ਵਾਲੇ ਨੁਕਸਾਨਾਂ ਲਈ LFP ਮਹੀਨਾਵਾਰ ਭੁਗਤਾਨ ਦਰ ਦੀ ਗਣਨਾ ਉੱਪਰ ਦਿੱਤੀ ਸਾਰਣੀ ਵਿੱਚ ਪ੍ਰਤੀ ਪਸ਼ੂ ਮਹੀਨਾਵਾਰ ਫੀਡ ਲਾਗਤ ਭੁਗਤਾਨ ਦਰ ਦੇ 60 ਪ੍ਰਤੀਸ਼ਤ ਜਾਂ ਯੋਗ ਚਾਰਾਗਾਹ ਜਾਂ ਵੱਡੀ ਚਾਰਾਗਾਹ ਜਮੀਨ ਦੇ ਏਕੜਾਂ ਦੀ ਆਮ ਸਹਿਣ ਸਮਰੱਥਾਂ ਦੇ ਆਧਾਰ ਤੇ ਮਹੀਨਾਵਾਰ ਫੀਡ ਲਾਗਤ, ਜੋ ਵੀ ਘੱਟ ਹੋਵੇ, ਕੀਤੀ ਜਾਂਦੀ ਹੈ।*



USDA ਇੱਕ ਬਰਾਬਰ ਅਵਸਰ ਪ੍ਰਦਾਨ ਕਰਨ ਵਾਲਾ, ਰੁਜ਼ਗਾਰਦਾਤਾ ਅਤੇ ਕਰਜ਼ਾ ਪ੍ਰਦਾਤਾ ਹੈ।